# PANJAB UNIVERSITY, CHANDIGARH

| From | To |
|---|---|
| The Assistant Registrar (Estt.),<br>Panjab University,<br>Chandigarh | 1. All the Heads of the Departments/Branches/Offices, P.U. Chandigarh.<br>2. The Chairperson, Department. of V.V.B.I.S.& I.S. Hoshiarpur (Pb.)<br>3. The Director,Swami Sarvanand Giri P.U.R.C. Bajwara, Hoshiarpur (Pb.)<br>4. The Director,P.U.R.C.Muktsar(Pb.)<br>5. The Director, P.U.R.C. Kauni, Muktsar (Pb.)<br>6. The Director,PU.R.C.Ludhiana(Pb.)<br>7. The Director, P. U. Extension Library Ludhiana (Pb.)<br>8. All the Principals of Constituent Colleges P.U. Balalchaur, Distt. Nawan Shahar, Guru Harsahai, Distt. Ferozepur, Sikhwala Shri Muktsar Sahib, Nihal Singhwala, Distt. Moga, Mohkam Khan Wala, Distt. Ferozepur and Dharamkot, Distt. Moga (Pb.)<br>9. R.A.O./R.S.A.<br>10. O.S.(Salary)<br>11. O.S.(Budget) |

No. 6859 /Estt. Dated 9/4 2019

Dear Sir/Madam,

As per authorization given by the Senate dated 26.03.1998, the Vice-Chancellor has allowed to adopt and cirulate the clarification issued by the Punjab Govt. vide Notificataion No. 7/42/97-5PPI/2836 dated 02.03.2001, regarding proficiency step up/ACPS.(copy enclosed).

This is for information of all concerned.

Yours faithfully,

Sd/-

Assistant Registrar (Estt.)

Encl: as above.

ਔਸਤ ਹੋ ਸਕਦੀਆਂ ਹਨ। ਕਈ ਵਿਭਾਗਾਂ ਵਲੋਂ ਇਸ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਉਨ੍ਹਾਂ ਦੇ ਵਿਭਾਗਾਂ ਵਿਚ ਕੁੱਝ ਅਜਿਹੇ ਕਰਮਚਾਰੀ ਹਨ ਜਿਨ੍ਹਾਂ ਦੀਆਂ ਅਖ਼ੀਰਲੀਆਂ ਤਿੰਨ ਜਾਂ ਤਿੰਨ ਤੋਂ ਵੱਧ ਸਲਾਨਾ ਗੁਪਤ ਰਿਪੋਰਟਾਂ ਨਹੀਂ ਲਿਖੀਆਂ ਗਈਆ ਹਨ ਅਤੇ 'ਨੋ ਰਿਪੋਰਟ ਸਰਟੀਫ਼ਿਕੇਟ' ਜਾਰੀ ਕੀਤੇ ਗਏ ਹਨ ਜਿਸ ਕਾਰਨ ਏ.ਸੀ.ਪੀ ਸਕੀਮ ਦਾ ਲਾਭ ਮੌਜੂਦਾ ਹਦਾਇਤਾਂ ਤਹਿਤ ਦੇਣ ਲਈ ਔਕੜ ਪੇਸ਼ ਆਉਂਦੀ ਹੈ ਅਤੇ ਇਸ ਸਥਿਤੀ ਵਿਚ ਰਿਕਾਰਡ ਕਿਵੇਂ ਵੇਖਿਆ ਜਾਵੇ।

2. ਇਸ ਮਾਮਲੇ ਤੇ ਵਿੱਤ ਵਿਭਾਗ ਦੀ ਸਲਾਹ ਨਾਲ ਵਿਚਾਰ ਕੀਤਾ ਗਿਆ ਹੈ ਅਤੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਿੱਥੇ ਕਿਤੇ ਏ.ਸੀ.ਪੀ. ਸਕੀਮ ਦੇ ਲਾਭ ਦੇਣ ਸੰਬੰਧੀ ਕਿਸੇ ਕਰਮਚਾਰੀ ਦੀਆਂ ਅਖੀਰਲੀਆਂ ਤਿੰਨ ਰਿਪੋਰਟਾਂ ਜਾਂ ਇਸ ਤੋਂ ਵੱਧ ਰਿਪੋਰਟਾਂ ਉਪਲੱਬਧ ਨਹੀਂ ਹਨ ਅਤੇ 'ਨੋ ਰਿਪੋਰਟ ਸਰਟੀਫ਼ਿਕੇਟ' ਜਾਰੀ ਕੀਤਾ ਗਿਆ ਹੈ, ਉੱਥੇ ਅਖ਼ੀਰਲੀਆਂ ਤਿੰਨ ਉਪਲੱਬਧ ਰਿਪੋਰਟਾਂ ਜਾਂ ਤਿੰਨ ਤੋਂ ਵੱਧ ਉਪਲੱਬਧ ਰਿਪੋਰਟਾਂ ਨੂੰ ਹੀ ਮੱਦੇ ਨਜ਼ਰ ਰੱਖ ਲਿਆ ਜਾਵੇ ਅਤੇ ਕੁੱਲ ਜਿਤਨੇ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਬਾਰੇ 'ਨੋ ਰਿਪੋਰਟ ਸਰਟੀਫ਼ਿਕੇਟ' ਲਗਾਇਆ ਗਿਆ ਹੈ ਉੱਥੇ ਉਤਨੇ ਸਾਲਾਂ ਦੀਆਂ ਹੀ ਪੂਰਵਲੀਆਂ ਰਿਪੋਰਟਾਂ, ਜੇ ਉਪਲੱਬਧ ਹੋਣ, ਵੇਖ ਲਈਆਂ ਜਾਣ। ਜਿੱਥੇ ਪੂਰਵਲੀਆਂ ਰਿਪੋਰਟਾਂ ਦੇ ਆਧਾਰ ਤੇ ਏ.ਸੀ.ਪੀ. ਸਕੀਮ ਦਾ ਲਾਭ ਦੇਣ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ, ਉੱਥੇ ਸਬੰਧਤ ਸਮਰੱਥ ਅਧਿਕਾਰੀ ਲਈ ਇਹ ਲਾਜ਼ਮੀ ਹੈ ਕਿ ਉਹ ਇਹ ਤਸਦੀਕ ਕਰਨ ਕਿ ਉਨ੍ਹਾਂ ਨੂੰ ਲੋੜੀਂਦੀ ਪੜਤਾਲ ਕਰਨ ਉਪਰੰਤ ਇਹ ਤਸੱਲੀ ਹੋ ਗਈ ਹੈ ਕਿ ਨਾ ਉਪਲੱਬਧ ਰਿਪੋਰਟਾਂ ਅਸਲ ਵਿੱਚ ਨਹੀਂ ਲਿਖੀਆਂ ਗਈਆਂ ਸਨ ਅਤੇ ਉਸ ਸਮੇਂ ਦੌਰਾਨ ਕਰਮਚਾਰੀ ਦੇ ਕੰਮ -ਕਾਜ਼ ਬਾਰੇ ਕੋਈ ਵਿਸ਼ੇਸ਼ ਸ਼ਿਕਾਇਤ ਨਹੀਂ ਰਿਕਾਰਡ ਕੀਤੀ ਗਈ।

ਇਸ ਨੂੰ ਸਾਰੇ ਸਬੰਧਤਾਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ।

----------

**No. 7/42/97-5PP1/2836, dated 2.3.2001**

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਮੈਨੂੰ ਆਪਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 7/6/95-5 ਪੀ.ਪੀ.1/4913, ਮਿਤੀ 1 ਮਾਰਚ 1995 (ਜਿਸ ਦੀ ਕਾਪੀ ਸੇਵਾ ਮੈਨੂਅਲ ਭਾਗ-4 ਦੇ ਪੰਨਾਂ ਨੰ: 315 ਤੇ ਵੀ ਉਪਲਬਧ ਹੈ ) ਵੱਲ ਦਿਵਾਉਣ ਅਤੇ ਲਿਖਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਅਨੁਸਾਰ ਸਪੱਸ਼ਟ ਕੀਤਾ ਗਿਆ ਸੀ ਕਿ ਜੇਕਰ ਅਸਾਧਾਰਣ ਛੁੱਟੀ/ ਬਿਨ੍ਹਾਂ ਤਨਖਾਹ ਛੁੱਟੀ ਦਾ ਸਮਾਂ ਸਮਰੱਥ ਅਧਿਕਾਰੀ ਵਲੋਂ ਪ੍ਰਵਾਨਤ ਹੈ ਅਤੇ ਜਿਸ ਕਾਰਨ ਕਰਮਚਾਰੀ ਦੀ ਆਪਣੀ ਮੂਲ ਸੀਨੀਆਰਤਾ ਤੇ ਕੋਈ ਅਸਰ ਨਹੀਂ ਹੈ, ਤਾਂ ਉਸ ਸੂਰਤ ਵਿਚ ਇਹ ਸਮਾਂ ਪ੍ਰਵੀਨਤਾ ਤਰੱਕੀ ਦੇਣ ਲਈ ਗਿਣਿਆ ਜਾਂਣਾ ਹੈ ਬਸ਼ਰਤੇ ਕਿ ਕਰਮਚਾਰੀ ਬਾਕੀ ਹੋਰ ਸਾਰੇ ਪੱਖਾਂ ਤੋਂ ਪ੍ਰਵੀਨਤਾ ਤਰੱਕੀ ਦੇਣ ਲਈ ਯੋਗ ਪਾਇਆ ਜਾਵੇ/ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਹਦਾਇਤਾਂ ਰਾਹੀਂ ਮੁੱਅਤਲੀ ਦੇ ਸਮੇਂ ਨੂੰ ਪ੍ਰਵੀਨਤਾ ਤਰੱਕੀ ਲਈ ਗਿਣਨ ਹਿੱਤ ਉਪਬੰਧ ਕੀਤੇ ਗਏ ਸਨ। ਇਸ ਮਾਮਲੇ ਸਬੰਧੀ ਰਾਜ ਸਰਕਾਰ ਵਲੋਂ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਅਧੀਨ ਉਪਬੰਧਾਂ ਦੀ ਰੋਸ਼ਨੀ ਵਿਚ ਮੁੜ ਵਿਚਾਰ ਕੀਤਾ ਗਿਆ ਹੈ ਅਤੇ ਪਾਇਆ ਗਿਆ ਹੈ ਕਿ ਹਵਾਲਾ ਅਧੀਨ ਹਦਾਇਤਾਂ ਰਾਹੀਂ ਕੀਤੇ ਗਏ ਉਪਬੰਧ ਨਿਯਮਾਂ ਅਨੁਕੂਲ ਨਹੀਂ ਹਨ।

2. ਸਿਵਲ ਸੇਵਾਵਾਂ ਨਿਯਮਾਵਲੀ ਅਧੀਨ ਉਪਬੰਧਾਂ ਦੀ ਰੋਸ਼ਨੀ ਵਿਚ ਜਿਸ ਸੇਵਾ ਦਾ ਲਾਭ ਸਲਾਨਾ ਤਰੱਕੀ ਲਈ ਮਿਲਣ ਯੋਗ ਨਹੀਂ ਹੈ, ਉਸ ਸੇਵਾ ਦਾ ਲਾਭ ਪ੍ਰਵੀਨਤਾ ਤਰੱਕੀ ਲਈ ਮਿਲਣਯੋਗ ਨਹੀਂ ਬਣਦਾ। ਇਸ ਲਈ ਹਵਾਲਾ ਅਧੀਨ ਹਦਾਇਤਾਂ ਮਿਤੀ 1.3.95 ਨੂੰ ਤੁਰੰਤ ਵਾਪਸ ਲਿਆ ਜਾਂਦਾ ਹੈ। ਇਸ ਤਰ੍ਹਾਂ ਪ੍ਰਵੀਨਤਾ ਤਰੱਕੀ ਦਾ ਲਾਭ ਦੇਣ ਹਿੱਤ ਕੇਵਲ ਉਹੀ ਸੇਵਾ ਹੀ ਗਿਣੀ ਜਾਣੀ ਹੈ ਜਿਸ ਸੇਵਾ ਦਾ ਲਾਭ ਸੀਨੀਆਰਤਾ ਅਤੇ ਸਲਾਨਾ ਤਰੱਕੀ ਲਈ ਦਿੱਤਾ ਜਾਂਦਾ ਹੈ। ਸਿੱਟੇ ਵਜੋਂ ਜੇ ਕਿਸੇ ਅਧਿਕਾਰੀ/ਕਰਮਚਾਰੀ ਨੂੰ ਹਦਾਇਤਾਂ ਮਿਤੀ 1/3/95 ਦੀ ਰੋਸ਼ਨੀ ਵਿੱਚ ਉਸ ਸੇਵਾ ਦਾ ਲਾਭ ਦਿੱਤਾ ਗਿਆ ਹੈ, ਜਿਸ ਦਾ ਲਾਭ ਸੀਨੀਆਰਤਾ ਅਤੇ ਪ੍ਰਵੀਨਤਾ ਤਰੱਕੀ ਲਈ ਮਿਲਣ ਯੋਗ ਨਹੀਂ ਹੈ ਮਸਲਨ ਤੱਦ ਅਰਥ ਅਧਾਰ ਤੇ ਕੀਤੀ ਸੇਵਾ, ਪ੍ਰੋਵਿਜ਼ਨਲ ਤੌਰ ਤੇ ਕੀਤੀ ਸੇਵਾ ਜਾਂ ਸਲਾਨਾ ਤਰੱਕੀ ਦਾ ਲਾਭ ਨਾਂ ਮਿਲਣਯੋਗ ਬਿਨਾਂ ਤਨਖਾਹ ਛੁੱਟੀ/ਅਸਾਧਾਰਣ ਛੁੱਟੀ ਜਾਂ ਮੁੱਅਤਲੀ ਅਧੀਨ ਸਮਾਂ ਜ਼ੋ ਡਿਊਟੀ ਟਰੀਟ ਨਹੀਂ ਕੀਤਾ ਗਿਆ ਹੈ, ਦਾ ਲਾਭ ਪ੍ਰਵੀਨਤਾ ਤਰੱਕੀ ਲਈ ਦਿੱਤਾ ਗਿਆਂ ਹੈ ਤਾਂ ਇਸ ਅਧਿਕਾਰੀ /ਕਰਮਚਾਰੀ ਨੂੰ ਦਿੱਤਾ ਲਾਭ ਮਿੱਥੀ ਵਿਧੀ ਦੀ ਪਾਲਣਾ ਕਰਦੇ ਹੋਏ ਤੁਰੰਤ ਵਾਪਸ ਲਿਆ ਜਾਵੇ। ਇਸ ਤਰ੍ਹਾਂ ਦੇ ਕੇਸਾਂ ਵਿੱਚ ਅਧਿਕਾਰੀ ਨੂੰ ਅਸਲ ਵਿੱਚ ਦਿੱਤੀ ਗਈ ਤਨਖਾਹ ਪਰਸਨਲ ਮਈਅਰ ਦੇ ਤੌਰ ਤੇ ਪ੍ਰੋਟੈਕਟ ਰਹੇਗੀ ਅਤੇ ਕਿਸੇ ਕਿਸਮ ਦੀ ਰਿਕਵਰੀ ਨਹੀਂ ਕੀਤੀ ਜਾਵੇਗੀ, ਪ੍ਰਤੂ ਅਗੇ ਉਸ ਦੀ ਤਨਖਾਹ ਮੁੜ ਨਿਸ਼ਚਿਤ ਕਰਨ ਉਪਰੰਤ ਉਸ ਨੂੰ ਬਣਦੀ ਤਨਖਾਹ ਹੀ ਦਿੱਤੀ ਜਾਵੇਗੀ।

3. ਇਹ ਹਦਾਇਤਾਂ ਵਿੱਤ ਵਿਭਾਗ ਦੀ ਸਹਿਮਤੀ ਜ਼ੋ ਉਨ੍ਹਾਂ ਦੇ ਅੰ.ਵਿ.ਪੱ. ਨੰ: 7/2/98-ਐਫ਼.ਪੀ.1/5, ਮਿਤੀ 24 ਜਨਵਰੀ, 2001 ਰਾਹੀਂ ਪ੍ਰਾਪਤ ਹੋਈ ਹੈ, ਨਾਲ ਜਾਰੀ ਕੀਤੀਆਂ ਜਾਂਦੀਆਂ ਹਨ।

4. ਇਹ ਹਦਾਇਤਾਂ ਸਮੂਹ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿੱਤੀਆਂ

Scanned by CamScanner